ਨਵਾਂ ਜਾਗਰੂਕਤਾ ਪ੍ਰੋਗਰਾਮ

# ਲੌਕ ਕਰਨ ਤੋਂ ਪਹਿਲਾਂ ਦੇਖੋ

NSW

NSW ਦਾ ਸਿੱਖਿਆ ਵਿਭਾਗ ਬਚਪਨ ਦੀ ਸ਼ੁਰੂਆਤੀ ਸਿੱਖਿਆ ਅਤੇ ਦੇਖਭਾਲ ਲਈ ਨਿਯੰਤਰਕ ਅਥਾਰਟੀ ਹੈ।

ਇਸ ਵਿਭਾਗ ਦਾ 'ਲੌਕ ਕਰਨ ਤੋਂ ਪਹਿਲਾਂ ਦੇਖੋ' ਸੁਰੱਖਿਆ ਜਾਗਰੂਕਤਾ ਪ੍ਰੋਗਰਾਮ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਕਦੇ ਵੀ ਕਿਸੇ ਬੱਚੇ ਨੂੰ ਗੱਡੀ ਵਿੱਚ ਇਕੱਲਾ ਨਾ ਛੱਡੋ, ਭਾਵੇਂ ਉਹ ਇਕ ਪਲ ਲਈ ਹੀ ਕਿਉਂ ਨਾ ਹੋਵੇ।

**ਬੱਚਿਆਂ ਨੂੰ ਗੱਡੀ ਵਿੱਚ ਲਿਜਾਂਦੇ ਸਮੇਂ, ਆਪਣੇ ਵਾਹਨ ਨੂੰ ਲੌਕ ਕਰਨ ਤੋਂ ਪਹਿਲਾਂ ਦੇਖਣਾ ਜਾਨ ਬਚਾਉਣ ਵਾਲੀ ਆਦਤ ਹੋ ਸਕਦੀ ਹੈ।**

# ਆਪਣੇ ਸੇਵਾ ਕੇਂਦਰ ਨੂੰ ਪੁੱਛੋ

ਆਪਣੇ ਬੱਚੇ ਦੇ ਸ਼ੁਰੂਆਤੀ ਸਿੱਖਿਆ ਅਤੇ ਦੇਖਭਾਲ ਸੇਵਾ ਪ੍ਰਦਾਤਾ ਨਾਲ ਗੱਲ ਕਰੋ ਅਤੇ ਜਾਣੋ ਕਿ ਉਹ ਆਵਾਜਾਈ ਦੌਰਾਨ ਤੁਹਾਡੇ ਬੱਚੇ ਦੀ ਸੁਰੱਖਿਆ ਕਿਵੇਂ ਯਕੀਨੀ ਬਣਾਉਂਦੇ ਹਨ।

**ਕੁੱਝ ਸਵਾਲ ਜੋ ਤੁਸੀਂ ਪੁੱਛ ਸਕਦੇ ਹੋ, ਉਹਨਾਂ ਵਿੱਚ ਸ਼ਾਮਲ ਹਨ:**

- ਬੱਚਿਆਂ ਦੇ ਸੁਰੱਖਿਅਤ ਪਹੁੰਚਣ ਨੂੰ ਯਕੀਨੀ ਬਣਾਉਣ ਲਈ ਕਿਹੜੀਆਂ ਪਰ੍ਕਿਰਿਆਵਾਂ ਹਨ?
- ਆਵਾਜਾਈ ਦੌਰਾਨ ਸਿੱਖਿਅਕਾਂ ਅਤੇ ਬੱਚਿਆਂ ਦਾ ਅਨੁਪਾਤ ਕੀ ਹੈ?
- ਸਿੱਖਿਅਕ ਯਾਤਰਾ ਦੌਰਾਨ ਬੱਚਿਆਂ ਨੂੰ ਸੁਰੱਖਿਅਤ ਅਤੇ ਮਹਿਫ਼ੂਜ਼ ਰੱਖਣਾ ਕਿਵੇਂ ਯਕੀਨੀ ਬਣਾਉਂਦੇ ਹਨ?
- ਜਦੋਂ ਬੱਚਾ ECEC ਸੇਵਾ ਕੇਂਦਰ ‘ਤੇ ਸੁਰੱਖਿਅਤ ਤਰੀਕੇ ਨਾਲ ਪਹੁੰਚ ਜਾਂਦਾ ਹੈ ਜਾਂ ਉੱਥੋਂ ਰਵਾਨਾ ਹੁੰਦਾ ਹੈ, ਤਾਂ ਮਾਪਿਆਂ ਨੂੰ ਕਿਵੇਂ ਜਾਣਕਾਰੀ ਦਿੱਤੀ ਜਾਂਦੀ ਹੈ?
- ਕੀ ਆਵਾਜਾਈ ਸੁਰੱਖਿਆ ਅਭਿਆਸਾਂ ਦੀ ਨਿਯਮਿਤ ਸਮੀਖਿਆ ਕੀਤੀ ਜਾਂਦੀ ਹੈ ਤਾਂ ਕਿ ਲਗਾਤਾਰ ਸੁਧਾਰ ਲਿਆਂਦੇ ਜਾ ਸਕਣ?
- ਘਰ ਵਿੱਚ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪਰਿਵਾਰ ਆਪਣੇ ਆਵਾਜਾਈ ਕਰਨ ਦੇ ਤਰੀਕਿਆਂ ਵਿੱਚ ਕਿਹੜੇ ਸੁਧਾਰ ਕਰ ਸਕਦੇ ਹਨ?
- ਮੈਨੂੰ ਆਵਾਜਾਈ, ਬੱਚਿਆਂ ਦੇ ਸੁਰੱਖਿਅਤ ਪੁਹੰਚਣ ਅਤੇ ਸੈਰ-ਸਪਾਟਿਆਂ ਲਈ ਨੀਤੀਆਂ ਅਤੇ ਪ੍ਰਕਿਰਿਆਵਾਂ ਕਿੱਥੋਂ ਮਿਲ ਸਕਦੀਆਂ ਹਨ?

ਜੇਕਰ ਤੁਹਾਡੇ ਕੋਲ ‘ਲੌਕ ਕਰਨ ਤੋਂ ਪਹਿਲਾਂ ਦੇਖੋ’ ਸੁਰੱਖਿਆ ਜਾਗਰੂਕਤਾ ਪ੍ਰੋਗਰਾਮ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ NSW ECEC ਨਿਯੰਤਰਕ ਅਥਾਰਟੀ ਦੀ ਜਾਣਕਾਰੀ ਅਤੇ ਪੁੱਛਗਿੱਛ ਲਾਈਨ ਨਾਲ 1800 619 113 ‘ਤੇ ਸੰਪਰਕ ਕਰੋ, ਜਾਂ ececd@det.nsw.edu.au ‘ਤੇ ਈ-ਮੇਲ ਕਰੋ।